**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ,**
**ਚੋਥੀ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।**
(ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ

1 ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
2 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
3. ਸਮੂਹ ਡੀ.ਡੀ.ਓਜ਼/ਸਕੂਲ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ: 15/285-2012 ਕੋ ਸੈਲ (1)/225 ਮਿਤੀ 31-10-2014

ਵਿਸ਼ਾ:- **ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀ ਸੇਵਾ ਕਾਲ ਵਿੱਚ ਵਾਧਾ ਕਰਨ ਬਾਰੇ ਸਪਸ਼ਟੀਕਰਨ।**

ਹਵਾਲਾ:- ਰਾਜ ਸਰਕਾਰ (ਵਿੱਤ ਵਿਭਾਗ, ਵਿੱਤ ਪ੍ਰਸੋਨਲ ਸਾਖਾ) ਦਾ ਪੱਤਰ ਨੰ: 22/2/2012-3 ਐਫ.ਪੀ.2/159 ਮਿਤੀ 30-10-2014

1. ਹਵਾਲਾ ਅਧੀਨ ਪੱਤਰ ਰਾਹੀਂ ਸਰਕਾਰ ਵੱਲੋਂ ਉਪਰੋਕਤ ਵਿਸੇ ਤੇ ਸਪਸ਼ਟੀਕਰਨ ਜਾਰੀ ਕਰਦੇ ਹੋਏ ਲਿਖਿਆ ਹੈ ਕਿ ਜਿਨ੍ਹਾਂ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੇ ਵਿਰੁੱਧ ਕਿਸੇ ਤਰ੍ਹਾਂ ਦੀ ਵੀ ਕੋਈ ਵਿਭਾਗੀ ਇੰਨਕੁਆਰੀ/ਕਰੀਮੀਨਲ ਕੇਸ ਜਾਂ ਵਿਜੀਲੈਂਸ ਕੇਸ ਪੈਂਡਿੰਗ ਹੋਵੇ ਉਨ੍ਹਾਂ ਨੂੰ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: 22/2/2012-3 ਵਿ.ਪ.2/479 ਮਿਤੀ 08-10-2012 ਅਤੇ ਨੰ: 22/2/2012-3 ਵਿ.ਪ.2/471 ਮਿਤੀ 20-09-2013 ਅਧੀਨ ਸੇਵਾਕਾਲ ਵਿੱਚ ਵਾਧਾ ਦੇਣ ਲਈ ਵਿਚਾਰਿਆ ਨਹੀਂ ਜਾਵੇਗਾ।

2. ਹਵਾਲਾ ਪੱਤਰ ਦੀ ਕਾਪੀ ਆਪ ਜੀ ਨੂੰ ਮੁੰਕਮਲ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

ਇੰਚਾਰਜ ਕੋਆਰਡੀਨੇਸਨ ਸੈਲ
ਦ.ਡੀ.ਪੀ.ਆਈ (ਸੈਸਿ) ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ: 31-10-2014

ਉਤਾਰਾ ਡੀ.ਪੀ.ਆਈ (ਸੈਸਿ) ਵਿਖੇ ਹੇਠ ਲਿਖੇ ਅਧਿਕਾਰੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਮੂਹ ਅਮਲਾ ਅਧਿਕਾਰੀ/ਸਾਖਾ ਮੁੱਖੀ
2. ਸੁਪਰਡੈਂਟ ਕੋਆਰਡੀਨੇਸਨ ਸੈਲ
3. ਪੀ.ਏ/ਡੀ.ਪੀ.ਆਈ (ਸੈਸਿ)

ਇੰਚਾਰਜ ਕੋਆਰਡੀਨੇਸਨ ਸੈਲ
ਦ.ਡੀ.ਪੀ.ਆਈ (ਸੈਸਿ) ਪੰਜਾਬ

FROM :MINISTER EDUCATION PB FAX NO. :0172 2740479 30 Oct. 2014 4:34PM P1

ਨੰ: 22/ 2/2012-3 ਐਫ.ਪੀ.2/ 159

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸਾਖਾ)

ਮਿਤੀ,ਚੰਡੀਗੜ੍ਹ: 30 ਅਕਤੂਬਰ, 2014

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸਨਰ,
ਸਮੂਹ ਜਿਲ੍ਹਾ ਤੇ ਸੈਸਨਜ ਜੱਜ ਅਤੇ
ਸਮੂਹ ਡਿਪਟੀ ਕਮਿਸਨਰ,
ਪੰਜਾਬ ਰਾਜ ਵਿੱਚ।

ਵਿਸਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਵਾਧਾ ਕਰਨ ਬਾਰੇ-ਸਪਸਟੀਕਰਨ।

ਸ੍ਰੀ ਮਾਨ ਜੀ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸੇ ਤੇ ਆਪ ਦਾ ਧਿਆਨ ਵਿੱਤ ਵਿਭਾਗ ਦੇ ਪੱ.ਨੰ. 22/2/2012-3ਵਿਪ੍2/43 ਮਿਤੀ 22-1-2013, ਰਾਹੀਂ ਜਾਰੀ ਸਪਸਟੀਕਰਨ ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਵਿੱਤ ਵਿਭਾਗ ਵਲੋਂ ਇਨ੍ਹਾਂ ਹਦਾਇਤਾਂ ਦਾ ਲੜੀ ਨੰ:7 ਵਿਦਡਰਾਅ (withdraw) ਕੀਤਾ ਜਾਂਦਾ ਹੈ ਅਤੇ ਇਹ ਫੈਸਲਾ ਲਿਆ ਗਿਆ ਹੈ ਕਿ ਜਿਨ੍ਹਾਂ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੇ ਵਿਰੁੱਧ ਕਿਸੇ ਤਰ੍ਹਾਂ ਦੀ ਵੀ ਕੋਈ ਵਿਭਾਗੀ ਇਨਕੁਆਰੀ/ਕਰੀਮੀਨਲ ਕੇਸ ਜਾਂ ਵਿਜੀਲੈਂਸ ਕੇਸ ਪੈਂਡਿੰਗ ਹੋਵੇ, ਉਹਨਾਂ ਨੂੰ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ:22/2/2012-3ਵਿਪ2/479, ਮਿਤੀ 8.10.2012 ਅਤੇ ਨੰ:22/2/2012-3ਵਿਪ੍2/471, ਮਿਤੀ 20.9.2013 ਅਧੀਨ ਸੇਵਾਕਾਲ ਵਿਚ ਵਾਧਾ ਦੇਣ ਲਈ ਵਿਚਾਰਿਆ ਨਹੀਂ ਜਾਵੇਗਾ।

2. ਉਪਰੋਕਤ ਦੀ ਪਾਲਣਾ ਨੂੰ ਯਕੀਨੀ ਬਣਾਉਣ ਹਿੱਤ ਸਬੰਧਤ ਮਹਿਕਮੇ ਦੇ ਪ੍ਰਬੰਧਕੀ ਸਕੱਤਰ, ਡਾਇਰੈਕਟਰ (ਵਿਭਾਗ ਦਾ ਮੁਖੀ) ਅਤੇ ਇੱਕ ਹੋਰ ਅਧਿਕਾਰੀ ਦੀ ਕਮੇਟੀ ਗਠਿਤ ਕੀਤੀ ਜਾਵੇਗੀ, ਜਿਸ ਵਿੱਚ ਵਿਜੀਲੈਂਸ/ਕਰੀਮੀਨਲ/ਵਿਭਾਗੀ ਇਨਕੁਆਰੀ ਵਿੱਚ ਗ੍ਰਸਤ ਅਧਿਕਾਰੀਆਂ/ਕਰਮਚਾਰੀਆਂ ਦੀ ਤੁਰੰਤ ਲਿਸਟ ਤਿਆਰ ਕੀਤੀ ਜਾਵੇਗੀ ਅਤੇ ਇਹਨਾਂ ਦੇ ਸੇਵਾਕਾਲ ਦੇ ਵਾਧੇ ਸਬੰਧੀ ਬਣਦਾ ਫੈਸਲਾ ਉਹਨਾਂ ਦੀ ਸੇਵਾ-ਨਵਿਰਤੀ ਦੀ ਮਿਤੀ ਤੋਂ ਪਹਿਲਾਂ-ਪਹਿਲਾਂ ਕੀਤਾ ਜਾਵੇਗਾ।

3. ਇਹ ਹਦਾਇਤਾਂ ਤੁਰੰਤ ਤੋਂ ਲਾਗੂ ਹੋਣਗੀਆਂ।

ਵਿਸਵਾਸਪਾਤਰ

ਪਿੱਠ ਅੰਕਣ ਨੰ: 22/2/2012-3 ਐਫ.ਪੀ.2/ 160

ਮਿਤੀ,ਚੰਡੀਗੜ੍ਹ: 30 ਅਕਤੂਬਰ, 2014

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਪ੍ਰਮੁੱਖ ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ ।

(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ,ਚੰਡੀਗੜ੍ਹ।

(ਕਮਲੇਸ਼ ਅਰੋੜਾ)
ਉਪ ਸਕੱਤਰ ਵਿੱਤ

ਪਿੱਠ ਅੰਕਣ ਨੰ: 22/2/2012-3 ਐਫ.ਪੀ.2/ 161

ਮਿਤੀ,ਚੰਡੀਗੜ੍ਹ: 30 ਅਕਤੂਬਰ, 2014

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

(2) ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,ਪੰਜਾਬ ਸਰਕਾਰ।

(3) ਵਧੀਕ ਡਾਇਰੈਕਟਰ, ਅੰਦਰੂਨੀ ਪੜਤਾਲ ਸੰਸਥਾ(ਮਾਲ), ਸੈਕਟਰ-22 ਡੀ, ਚੰਡੀਗੜ੍ਹ।

(4) ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ, ਚੰਡੀਗੜ੍ਹ।

(5) ਰਾਜ ਦੇ ਸਮੂਹ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਅੰਦਰੂਨੀ ਪੜਤਾਲ ਸੰਸਥਾ, ਪੰਜਾਬ।

ਉਪ ਸਕੱਤਰ ਵਿੱਤ

ਪਿੱਠ ਅੰਕਣ ਨੰ: 22/2/2012-3 ਐਫ.ਪੀ.2/ 162

ਮਿਤੀ,ਚੰਡੀਗੜ੍ਹ: 30 ਅਕਤੂਬਰ, 2014

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫਸਰਾਂ/ ਖਜਾਨਾ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੱਠ ਅੰਕਣ ਨੰ: 22/2/2012-3 ਐਫ.ਪੀ.2/ 163

ਮਿਤੀ,ਚੰਡੀਗੜ੍ਹ: 30 ਅਕਤੂਬਰ, 2014

ਇਸ ਦਾ ਇੱਕ ਉਤਾਰਾ ਮੈਨੇਜਿੰਗ ਡਾਇਰੈਕਟਰ,ਪੰਜਾਬ ਇਨਫੋਟੈਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀ ਇਸ ਪਾਲਿਸੀ ਨੂੰ ਪੰਜਾਬ ਸਰਕਾਰ ਦੀ ਵੈੱਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ।

ਸੁਪਰਡੰਟ